# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

## 18:20

**ਮਿਤੀ :03-12-2025**

## ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ

- ਰਾਸ਼ਟਰਪਤੀ ਨੇ ਕਿਹਾ ਏ ਕਿ ਦਿਵਿਆਂਗ ਜਨਾਂ ਨਾਲ ਤਰਸ ਨਹੀਂ, ਸਗੋਂ ਸਤਿਕਾਰ ਤੇ ਮਾਣ ਨਾਲ ਪੇਸ਼ ਆਉਣਾ ਚਾਹੀਦਾ ਏ- ਦਿਵਿਆਂਗ ਜਨਾਂ ਦੇ ਸ਼ਕਤੀਕਰਨ ਲਈ ਰਾਸ਼ਟਰੀ ਸਮਾਰੋਹ ਨੂੰ ਕੀਤਾ ਸੰਬੋਧਨ |
- ਸੂਬੇ ਦੇ ਵਿੱਤ ਵਿਭਾਗ ਵੱਲੋਂ 'ਪੰਜਾਬ ਚ ਰੁੱਖਾਂ ਦੀ ਸੁਰੱਖਿਆ ਕਾਨੂੰਨ, 2025 ਲਈ ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਦੇ ਪ੍ਰਸਤਾਵ ਨੂੰ ਮਨਜ਼ੂਰੀ |
- DRDO ਵਲੋਂ ਹਾਈ-ਸਪੀਡ ਲੜਾਕੂ ਜਹਾਜ਼ ਤੋਂ ਐਮਰਜੈਂਸੀ ਵਿਚ ਪਾਇਲਟ ਦੀ ਜਾਨ ਬਚਾਉਣ ਵਾਲੀ ਨਿਕਾਸੀ ਪ੍ਰਣਾਲੀ ਦਾ ਸਫਲ ਪ੍ਰੀਖਣ |

- ਜਲੰਧਰ, ਸ੍ਰੀ ਮੁਕਤਸਰ ਸਾਹਿਬ, ਫਿਰੋਜਪੁਰ ਤੇ ਫਰੀਦਕੋਟ ਦੇ ਜ਼ਿਲ੍ਹਾ ਖਜ਼ਾਨਾ ਦਫਤਰਾਂ  ਤੇ ਉਪ ਖਜ਼ਾਨਾ ਦਫਤਰਾਂ ਵਿਖੇ ਪੈਨਸ਼ਨਰ ਸੇਵਾ ਕੈਂਪ ਕੱਲ ਤੋਂ |
- ਕ੍ਰਿਕਟ ਵਿਚ ਭਾਰਤ ਨੇ ਦੂਜੇ ਇੱਕ ਦਿਨਾਂ ਮੈਚ ਵਿਚ ਦੱਖਣੀ ਅਫਰੀਕਾ  ਸਾਹਮਣੇ 359 ਦੌੜਾਂ ਦਾ ਟੀਚਾ ਰੱਖਿਆ । ਵਿਰਾਟ ਕੋਹਲੀ ਨੇ  53ਵਾਂ ਸੈਂਕੜਾ ਬਣਾਇਆ |

## ਹੁਣ ਖਬਰਾਂ ਵਿਸਥਾਰ ਨਾਲ

ਅੱਜ ਅੰਤਰਰਾਸ਼ਟਰੀ ਦਿਵਿਆਂਗਜਨ ਦਿਵਸ ਏ । ਵਿਸ਼ਵ ਸਿਹਤ ਸੰਗਠਨ, ਸੰਯੁਕਤ ਰਾਸ਼ਟਰ ਦੇ ਸਹਿਯੋਗ ਨਾਲ, ਹਰ ਸਾਲ ਇਸ ਦਿਨ ਨੂੰ ਮਨਾਉਂਦਾ ਏ ਜਿਸ ਵਿਚ ਦਿਵਿਆਂਗ ਜਨਾਂ ਦੇ ਅਧਿਕਾਰਾਂ ਦੀ ਰੱਖਿਆ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਜਾਂਦਾ ਏ. ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦਾ ਕਹਿਣਾ ਏ ਕਿ ਇੱਕ ਸਮਾਜ ਸੱਚਮੁੱਚ ਉਦੋਂ ਹੀ ਵਿਕਸਿਤ ਹੋ ਸਕਦਾ ਏ ਜਦੋਂ ਦਿਵਿਆਂਗ ਜਨਾਂ  ਨਾਲ ਬਰਾਬਰੀ ਵਾਲਾ ਵਿਹਾਰ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਉਨ੍ਹਾਂ ਨਾਲ ਤਰਸ ਨਾਲ ਨਹੀਂ, ਸਗੋਂ ਸਤਿਕਾਰ ਅਤੇ ਮਾਣ ਨਾਲ ਪੇਸ਼ ਆਉਣਾ ਚਾਹੀਦਾ ਏ । ਰਾਸ਼ਟਰਪਤੀ ਨੇ ਅੱਜ ਨਵੀਂ ਦਿੱਲੀ ਵਿੱਚ ਦਿਵਿਆਂਗ ਜਨਾਂ ਦੇ ਸ਼ਕਤੀਕਰਨ ਲਈ ਰਾਸ਼ਟਰੀ AWARD ਸਮਾਰੋਹ ਨੂੰ ਸੰਬੋਧਨ ਕਰਦਿਆਂ ਇਹ ਗੱਲ ਕਹੀ-

byte

ਰਾਸ਼ਟਰਪਤੀ ਨੇ ਦਿਵਿਆਂਗ ਜਨਾਂ ਦੇ ਸ਼ਕਤੀਕਰਨ ਵਿੱਚ ਮਿਸਾਲੀ ਯਤਨਾਂ ਲਈ ਵਿਅਕਤੀਆਂ ਅਤੇ ਸੰਗਠਨਾਂ ਨੂੰ ਰਾਸ਼ਟਰੀ AWARD ਪ੍ਰਦਾਨ ਕੀਤੇ।

---------------------------------------------------------------

ਉਧਰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਕ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ ਏ ਕਿ ਦਿਵਿਆਂਗ ਵਿਅਕਤੀਆਂ ਨੇ ਆਪਣੀ ਰਚਨਾਤਮਕਤਾ ਤੇ ਦ੍ਰਿੜਤਾ ਰਾਹੀਂ ਵੱਖ-ਵੱਖ ਖੇਤਰਾਂ ਵਿੱਚ ਉੱਤਮਤਾ ਪ੍ਰਾਪਤ ਕੀਤੀ ਏ। ਹਾਲ ਹੀ ਦੇ ਸਾਲਾਂ ਵਿੱਚ ਚੁੱਕੇ ਗਏ ਕਦਮਾਂ ਤੇ ਚਾਨਣਾਂ ਪਾਉਂਦੇ ਹੋਏ, ਸ਼੍ਰੀ ਮੋਦੀ ਨੇ ਕਿਹਾ ਕਿ ਭਾਰਤ ਨੇ ਕਾਨੂੰਨਾਂ, ਪਹੁੰਚਯੋਗ ਬੁਨਿਆਦੀ ਢਾਂਚੇ, ਸਮਾਵੇਸ਼ੀ ਸਿੱਖਿਆ ਨੀਤੀਆਂ ਤੇ ਸਹਾਇਕ ਤਕਨਾਲੋਜੀਆਂ ਵਿੱਚ ਨਵੀਨਤਾਵਾਂ ਰਾਹੀਂ ਦਿਵਿਆਂਗ ਕਲਿਆਣ ਪ੍ਰਤੀ ਆਪਣੀ ਵਚਨਬੱਧਤਾ ਨੂੰ ਮਜ਼ਬੂਤ ਕੀਤਾ ਏ।

---------------------------------------------------------------

ਬਠਿੰਡਾ ਦੇ ਸਿਵਲ ਹਸਪਤਾਲ ਵਿੱਚ ਜ਼ਿਲ੍ਹਾ ਦਿਵਿਆਂਗਜਣ ਕੇਂਦਰ ਵਿਖੇ ਕੌਮਾਂਤਰੀ ਦਿਵਿਆਂਗਤਾ ਦਿਹਾੜਾ ਮਨਾਇਆ ਗਿਆ। ਇਸ ਸਬੰਧੀ ਸਿਵਲ ਸਰਜਨ ਡਾ ਤਪਿਦੰਰਜੋਤ ਨੇ ਦੱਸਿਆ ਕਿ ਇਸ ਵਾਰ ਦੇ ਦਿਹਾੜੇ ਦਾ ਥੀਮ ‘ਸਮਾਜਿਕ ਤਰੱਕੀ ਨੂੰ ਅੱਗੇ ਵਧਾਉਣ ਲਈ ਦਿਵਿਆਂਗਤਾ-ਸੰਮਿਲਿਤ ਸਮਾਜਾਂ ਨੂੰ ਉਤਸ਼ਾਹਿਤ ਕਰਨਾ ਏ। ਇਸ

ਦੌਰਾਨ ਸਰਕਾਰੀ ਮੁੜ ਵਸੇਬਾ ਸੰਸਥਾਨ ਚੰਡੀਗੜ੍ਹ ਨੇ ਵੀ ਅੱਜ "ਸਮਾਜਿਕ ਤਰੱਕੀ ਨੂੰ ਅੱਗੇ ਵਧਾਉਣ ਲਈ ਅਪੰਗਤਾ-ਅਨੁਕੂਲ ਸਮਾਜਾਂ ਦਾ ਨਿਰਮਾਣ" ਥੀਮ 'ਤੇ ਅਧਾਰਤ ਤਿੰਨ ਦਿਨਾਂ ਗਤੀਵਿਧੀਆਂ ਦੇ ਨਾਲ ਅੰਤਰਰਾਸ਼ਟਰੀ ਦਿਵਿਅੰਗਜਨ ਦਿਵਸ ਮਨਾਇਆ। ਇਸ ਦੌਰਾਨ ਇੱਕ ਵਿਸ਼ਾਲ ਕਾਰਨੀਵਲ ਅਤੇ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਅਨੁਰਾਧਾ ਐਸ. ਚਗਤੀ, ਸਕੱਤਰ, ਸਮਾਜ ਭਲਾਈ ਤੇ ਮਹਿਲਾ ਅਤੇ ਬਾਲ ਵਿਕਾਸ ਵਿਭਾਗ, ਯੂਟੀ ਚੰਡੀਗੜ੍ਹ ਪ੍ਰਸ਼ਾਸਨ ਨੇ ਹਿੱਸਾ ਲਿਆ।

---------------------------------------------------------

ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਕਿਹਾ ਏ ਕਿ ਸੂਬੇ ਦੇ ਵਿੱਤ ਵਿਭਾਗ ਨੇ 'ਪੰਜਾਬ ਚ ਰੁੱਖਾਂ ਦੀ ਸੁਰੱਖਿਆ ਕਾਨੂੰਨ, 2025 - ਬਨਾਉਣ ਸਬੰਧੀ ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਦੇ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਏ। ਉਹਨਾਂ ਕਿਹਾ ਕਿ ਇਹ ਐਕਟ ਸ਼ਹਿਰੀ ਹਰਿਆਵਲ ਤੇ ਵਾਤਾਵਰਨ ਦੀ ਸੰਭਾਲ ਵੱਲ ਇੱਕ ਮਹੱਤਵਪੂਰਨ ਕਦਮ ਏ , ਜੋ ਰੁੱਖਾਂ ਦੀ ਸੰਭਾਲ ਲਈ ਸੂਬੇ ਦੀ ਵਿਧਾਨਕ ਵਚਨਬੱਧਤਾ ਨੂੰ ਯਕੀਨੀ ਬਣਾਏਗਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਸ ਖਰੜੇ ਵਿੱਚ ਗੈਰ-ਕਾਨੂੰਨੀ ਢੰਗ ਨਾਲ ਦਰੱਖਤਾਂ ਦੀ ਕਟਾਈ ਲਈ ਸਖ਼ਤ ਉਪਾਅ ਤੇ ਭਾਰੀ ਜੁਰਮਾਨੇ ਦਾ ਪ੍ਰਸਤਾਵ ਏ , ਜਿਸ ਨਾਲ ਵਾਤਾਵਰਨ ਦੇ

ਨਿਘਾਰ ਨਾਲ ਲੜਨ ਦੀਆਂ ਸੂਬੇ ਦੀਆਂ ਕੋਸ਼ਿਸ਼ਾਂ ਨੂੰ ਹੋਰ ਮਜ਼ਬੂਤੀ ਮਿਲੇਗੀ।

-----------------------------------------------------------

ਰੱਖਿਆ ਖੋਜ ਅਤੇ ਵਿਕਾਸ ਸੰਗਠਨ (DRDO) ਨੇ ਬੀਤੇ ਕੱਲ੍ਹ ਇਕ ਹਾਈ-ਸਪੀਡ ਲੜਾਕੂ ਜਹਾਜ਼ ਤੋਂ ਐਮਰਜੈਂਸੀ ਵਿਚ ਪਾਇਲਟ ਦੀ ਜਾਨ ਬਚਾਉਣ ਵਾਲੀ ਨਿਕਾਸੀ ਪ੍ਰਣਾਲੀ ਦਾ ਸਫਲ ਪ੍ਰੀਖਣ ਕੀਤਾ ਏ। ਇਸ ਸਖ਼ਤ ਪ੍ਰੀਖਣ ਨਾਲ, ਭਾਰਤ ਉਨ੍ਹਾਂ ਚੋਣਵੇਂ ਦੇਸ਼ਾਂ ਦੇ ਸਮੂਹ ਵਿੱਚ ਸ਼ਾਮਲ ਹੋ ਗਿਆ ਏ ਜਿਨ੍ਹਾਂ ਕੋਲ ਇੱਕ ਉੱਨਤ ਸਵਦੇਸ਼ੀ ਨਿਕਾਸੀ ਪ੍ਰਣਾਲੀ ਵਿਕਸਤ ਕਰਨ ਦੀ ਸਮਰੱਥਾ ਏ । ਇਹ ਪ੍ਰੀਖਣ ਏਅਰੋਨਾਟਿਕਲ ਡਿਵੈਲਪਮੈਂਟ ਏਜੰਸੀ (ADA) ਅਤੇ ਹਿੰਦੁਸਤਾਨ ਏਅਰੋਨਾਟਿਕਸ ਲਿਮਟਿਡ ਦੇ ਸਹਿਯੋਗ ਨਾਲ ਚੰਡੀਗੜ੍ਹ ਵਿੱਚ ਟਰਮੀਨਲ ਬੈਲਿਸਟਿਕਸ ਰਿਸਰਚ ਲੈਬਾਰਟਰੀ ਦੇ ਰੇਲ ਟ੍ਰੈਕ ਰਾਕੇਟ ਸਲੇਡ ਸਹੂਲਤ ਵਿਖੇ ਬੀਤੇ ਦਿਨ ਕੀਤਾ ਗਿਆ। ਇਸ ਦੌਰਾਨ ਹਵਾਈ ਸੈਨਾ ਤੇ ਇੰਸਟੀਚਿਊਟ ਆਫ਼ ਏਅਰੋਸਪੇਸ ਮੈਡੀਸਨ ਐਂਡ ਸਰਟੀਫਿਕੇਸ਼ਨ ਦੇ ਅਧਿਕਾਰੀ ਵੀ ਮੌਜੂਦ ਸਨ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਇਸ ਸਫਲ ਪ੍ਰੀਖਣ ਲਈ ਸਾਰੀਆਂ ਸਬੰਧਤ ਸੰਸਥਾਵਾਂ ਤੇ ਉਦਯੋਗ ਨੂੰ ਵਧਾਈ ਦਿੱਤੀ। ਉਨ੍ਹਾਂ ਇਸ ਨੂੰ ਆਤਮ-ਨਿਰਭਰਤਾ ਵੱਲ ਭਾਰਤ ਦੀ ਸਵਦੇਸ਼ੀ ਰੱਖਿਆ ਸਮਰੱਥਾ ਲਈ ਇੱਕ ਮਹੱਤਵਪੂਰਨ ਮੀਲ ਪੱਥਰ ਦੱਸਿਆ ਏ।

ਪੇਸ਼ ਏ ਇਕ ਰਿਪੋਰਟ

--------------------------------------------------------

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਇਕ ਨਵੀਂ ਬਾਇਓਡੀਗ੍ਰੇਡੇਸ਼ਨ ਤਕਨਾਲੋਜੀ ਲਈ ਪੇਟੈਂਟ ਪ੍ਰਾਪਤ ਹੋਇਆ ਏ, ਜੋ ਹਾਨੀਕਾਰਕ ਕੀਟਨਾਸ਼ਕ ਮੈਲਾਥੀਅਨ ਨੂੰ ਤੋੜਨ ਦਾ ਇਕ ਸੁਰੱਖਿਅਤ ਤੇ ਪ੍ਰਭਾਵਸ਼ਾਲੀ ਤਰੀਕਾ ਪੇਸ਼ ਕਰਦੀ ਏ , ਜਿਸ ਨਾਲ ਮਿੱਟੀ, ਫਸਲਾਂ ਅਤੇ ਜਲ ਸਰੋਤਾਂ ਵਿੱਚ ਜ਼ਹਿਰੀਲ ਰਹਿੰਦ-ਖੂੰਹਦ ਨੂੰ ਘਟਾਉਣ ਵਿੱਚ ਮਦਦ ਮਿਲਦੀ ਏ। ਇਹ ਇਨਸਾਨਾਂ ਦੇ ਸੰਪਰਕ ਨਾਲ ਜੁੜੇ ਜੋਖਮਾਂ ਨੂੰ ਵੀ ਘਟਾ ਸਕਦੀ ਏ ਤੇ ਮਿੱਟੀ ਦੀ ਗੁਣਵੱਤਾ ਨੂੰ ਬਹਾਲ ਕਰਕੇ ਸੁਰੱਖਿਅਤ ਖੇਤੀ ਅਭਿਆਸਾਂ ਦਾ ਸਮਰਥਨ ਕਰ ਸਕਦੀ ਏ। ਇਸ ਤਕਨਾਲੋਜੀ ਦੀ ਵਰਤੋਂ ਖੇਤੀਬਾੜੀ, ਪਾਣੀ ਨੂੰ ਸਾਫ ਕਰਨ , ਭੋਜਨ ਸੁਰੱਖਿਆ ਅਤੇ ਵੱਡੇ ਵਾਤਾਵਰਣ ਸਫਾਈ ਕਾਰਜਾਂ ਵਿਚ ਕੀਤੀ ਜਾ ਸਕਦੀ ਏ। ਇਸ ਦੀ ਸਥਿਰਤਾ ਤੇ ਮੁੜ ਵਰਤੋਂਯੋਗਤਾ ਕਾਰਨ ਇਸ ਦੀ ਵੱਡੇ ਪੱਧਰ ਤੇ ਅਤੇ ਉਦਯੋਗਿਕ ਵਰਤੋਂ ਦੀ ਸੰਭਾਵਨਾ ਏ । ਇਹ ਪੇਟੰਟ ਮਾਈਕਰੋਬਾਇਓਲੋਜੀ ਵਿਭਾਗ ਦੇ ਡਾ. ਦੀਪਕ ਕੁਮਾਰ ਰਾਹੀ ਤੇ ਉਨ੍ਹਾਂ ਦੇ ਸਹਿ-ਖੋਜੀ, ਡਾ. ਅਰੁਣਾ ਸਿੰਘ ਪਰਮਾਰ ਦੁਆਰਾ ਕੀਤਾ ਗਿਆ ਏ।

--------------------------------------------------------

ਜਲੰਧਰ, ਸ੍ਰੀ ਮੁਕਤਸਰ ਸਾਹਿਬ, ਫਿਰੋਜਪੁਰ ਤੇ ਫਰੀਦਕੋਟ ਦੇ ਜ਼ਿਲ੍ਹਾ ਖਜ਼ਾਨਾ ਦਫਤਰਾਂ  ਤੇ ਉਪ ਖਜ਼ਾਨਾ ਦਫਤਰਾਂ ਵਿਖੇ 4 ਤੋਂ 6 ਦਸੰਬਰ ਤੱਕ ਪੈਨਸ਼ਨਰ ਸੇਵਾ ਕੈਂਪ ਲਾਏ ਜਾ ਰਹੇ ਨੇ । ਜਲੰਧਰ ਦੇ ਜ਼ਿਲ੍ਹਾ ਖਜ਼ਾਨਾ ਅਫ਼ਸਰ ਅਮਰਨਾਥ ਨੇ ਦੱਸਿਆ ਕਿ ਉਪ ਖਜ਼ਾਨਾ ਦਫਤਰਾਂ ਫਿਲੌਰ, ਨਕੋਦਰ, ਸ਼ਾਹਕੋਟ ,ਕਰਤਾਰਪੁਰ ਤੇ ਭੋਗਪੁਰ ਵਿਖੇ ਹੀ ਪੈਨਸ਼ਨਰ ਸੇਵਾ ਕੈਂਪ ਲਾਇਆ ਜਾਵੇਗਾ । ਸ੍ਰੀ ਮੁਕਤਸਰ ਸਾਹਿਬ ਦੇ ਜ਼ਿਲ੍ਹਾ ਖ਼ਜ਼ਾਨਾ ਅਫ਼ਸਰ ਹਰਵਿੰਦਰ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਖਜ਼ਾਨਾ ਦਫ਼ਤਰ ਤੇ ਉਪ-ਖਜ਼ਾਨਾ ਦਫ਼ਤਰ ਮਲੋਟ, ਲੰਬੀ ਤੇ ਗਿੱਦੜਬਾਹਾ ਵਿਖੇ ਵੀ ਪੈਨਸ਼ਨਰ ਲਈ ਈ.ਕੇ.ਵਾਈ.ਸੀ. ਦੀ ਪ੍ਰਕਿਰਿਆ ਪੂਰੀ ਕੀਤੀ ਜਾਵੇਗੀ । ਇਸ ਤੋਂ ਇਲਾਵਾ ਜ਼ਿਲ੍ਹਾ ਖਜ਼ਾਨਾ ਦਫ਼ਤਰ ਫਿਰੋਜ਼ਪੁਰ, ਜ਼ਿਲ੍ਹਾ ਖਜ਼ਾਨਾ ਦਫ਼ਤਰ ਫਾਜ਼ਿਲਕਾ ਤੇ ਉਪ ਖਜ਼ਾਨਾ ਦਫਤਰ ਜ਼ੀਰਾ, ਗੁਰੂਹਰਸਹਾਏ, ਜਲਾਲਾਬਾਦ, ਅਬੋਹਰ ਵਿਖੇ ਵੀ ਉਕਤ ਤਰੀਕਾਂ ਨੂੰ "ਪੈਨਸ਼ਨਰ ਸੇਵਾ ਮੇਲੇ" ਦਾ ਆਯੋਜਨ ਕੀਤਾ ਜਾ ਰਿਹਾ ਏ

---------------------------------------------------

ਗੁਰਦਾਸਪੁਰ ਗ੍ਰਨੇਡ ਹਮਲੇ ਦੇ ਮਾਮਲੇ ਵਿੱਚ ਇਕ ਹੋਰ ਵੱਡੀ ਸਫਲਤਾ ਹਾਸਲ ਕਰਦਿਆਂ, ਪੰਜਾਬ ਪੁਲਿਸ ਦੇ ਕਾਊਂਟਰ ਇੰਟੈਲੀਜੈਂਸ (ਸੀਆਈ) ਬਠਿੰਡਾ ਨੇ ਗੁਰਦਾਸਪੁਰ ਪੁਲਿਸ ਨਾਲ ਤਾਲਮੇਲ ਕਰਕੇ ਬੀਤੇ ਦਿਨ

ਗੁਰਦਾਸਪੁਰ ਸਿਟੀ ਪੁਲਿਸ ਸਟੇਸ਼ਨ 'ਤੇ ਹੋਏ ਗ੍ਰਨੇਡ ਹਮਲੇ ਵਿੱਚ ਸ਼ਾਮਲ ਇੱਕ ਹੋਰ ਮੁੱਖ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਏ। ਪੁਲਿਸ ਸੂਤਰਾਂ ਅਨੁਸਾਰ, ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਮੋਹਨ ਸਿੰਘ ਵਜੋਂ ਹੋਈ ਏ , ਜੋ ਕਿ ਬਠਿੰਡਾ ਦੇ ਰਾਮੂਵਾਲ ਦਾ ਰਹਿਣ ਵਾਲਾ ਏ। ਇਸ ਗ੍ਰਿਫ਼ਤਾਰੀ ਨਾਲ ਇਸ ਮਾਮਲੇ ਵਿੱਚ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਕੁੱਲ ਗਿਣਤੀ 5  ਹੋ ਗਈ ਏ। ਗੁਰਦਾਸਪੁਰ ਦੇ ਐਸਐਸਪੀ ਆਦਿੱਤਿਆ ਨੇ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਮੋਹਨ ਦੇ ਖੁਲਾਸੇ 'ਤੇ, ਪੁਲਿਸ ਟੀਮਾਂ ਨੇ ਇੱਕ ਪਿਸਤੌਲ, ਜ਼ਿੰਦਾ ਕਾਰਤੂਸ ਅਤੇ ਇੱਕ ਮੋਟਰਸਾਈਕਲ ਵੀ ਬਰਾਮਦ ਕੀਤਾ ਏ। ਪੰਜਾਬ ਪੁਲਿਸ ਮੁਖੀ ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੋਹਨ ਸਿੰਘ ਪਾਕਿਸਤਾਨ ਸਥਿਤ ਆਈਐਸਆਈ ਸਮਰਥਿਤ ਗੈਂਗਸਟਰ ਸ਼ਹਿਜ਼ਾਦ ਭੱਟੀ ਦੇ ਸੰਪਰਕ ਵਿੱਚ ਸੀ।

---------------------------------------------------

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਨੂੰ ਅਜ ਇਕ ਵਿਸ਼ੇਸ਼ ਸਮਾਗਮ ਦੌਰਾਨ ‘ਚੇਂਜ ਮੇਕਰ ਆਫ਼ ਦਿ ਈਅਰ 2025’ ਵੱਕਾਰੀ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਹ ਵੱਕਾਰੀ ਸਨਮਾਨ ਇੰਡੀਆ ਐਜੂਕੇਸ਼ਨ ਫੋਰਮ ਤੇ ਇੰਡੀਆ ਐਂਪਲਾਇਰ ਫੋਰਮ ਵਲੋਂ ਟੀਮਲੀਜ਼ ਐਡਟੈੱਕ ਤੇ ਇਸ ਦੇ ਹਾਇਰ-

ਐਜੂਕੇਸ਼ਨ ਪਲੇਟਫਾਰਮ ਡਿਜੀਵਰਸਿਟੀ ਦੇ ਸਹਿਯੋਗ ਨਾਲ ਦਿੱਤਾ ਗਿਆ ਏ। ਇਹ ਪੁਰਸਕਾਰ  ਮੁੰਬਈ ਵਿੱਚ ਹਾਲ ਹੀ ਵਿੱਚ ਹੋਈ ਮੇਕਿੰਗ ਇੰਡੀਆ ਐਂਪਲਾਇਬਲ ਕਾਨਫਰੰਸ ਐਂਡ ਅਵਾਰਡਜ਼ ਦੀ ਤੀਜੀ ਐਡੀਸ਼ਨ ਵਿੱਚ ਐਲਾਨਿਆ ਗਿਆ ਸੀ। ਆਯੋਜਕਾਂ ਨੇ ਇਹ ਪੁਰਸਕਾਰ ਪ੍ਰੋ. ਕਰਮਜੀਤ ਸਿੰਘ ਵਲੋਂ ਯੂਨੀਵਰਸਿਟੀ ਨੂੰ ਰੋਜ਼ਗਾਰ-ਅਧਾਰਿਤ ਸਿੱਖਿਆ ਦਾ ਰਾਸ਼ਟਰੀ ਬੈਂਚਮਾਰਕ ਬਣਾਉਣ ਦੇ ਅਸਾਧਾਰਣ ਯੋਗਦਾਨ ਨੂੰ ਵੇਖਦਿਆਂ ਪਰਦਾਨ ਕੀਤਾ ਏ

---------------------------------------------------

ਸ਼੍ਰੋਮਣੀ ਕਮੇਟੀ ਵੱਲੋਂ ਖ਼ਾਲਸਾ ਸਾਜਣਾ ਦਿਵਸ (ਵਿਸਾਖੀ) ਮੌਕੇ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਣ ਵਾਲੇ ਜਥੇ ਲਈ 25 ਦਸੰਬਰ 2025 ਤੱਕ ਪਾਸਪੋਰਟ ਮੰਗੇ ਗਏ ਨੇ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਇਸ ਸਬੰਧੀ ਦੱਸਿਆ ਕਿ ਅਪ੍ਰੈਲ 2026 ਵਿਚ ਖਾਲਸਾ ਸਾਜਣਾ ਦਿਵਸ ਮੌਕੇ ਜਥਾ ਪਾਕਿਸਤਾਨ ਦੇ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਵਿਖੇ ਮੁੱਖ ਸਮਾਗਮ ’ਚ ਸ਼ਮੂਲੀਅਤ ਤੋਂ ਇਲਾਵਾ ਉਥੇ ਸਥਿਤ ਹੋਰਨਾਂ ਗੁਰਧਾਮਾਂ ਦੇ ਵੀ ਦਰਸ਼ਨ ਕਰੇਗਾ। ਉਨ੍ਹਾਂ ਕਿਹਾ ਕਿ ਇਸ ਜਥੇ ਵਿਚ ਜਾਣ ਦੇ ਚਾਹਵਾਨ ਸ਼ਰਧਾਲੂ ਆਪਣੇ ਪਾਸਪੋਰਟ 25 ਦਸੰਬਰ 2025 ਤੱਕ ਸ਼੍ਰੋਮਣੀ ਕਮੇਟੀ ਦਫ਼ਤਰ ’ਚ ਯਾਤਰਾ ਵਿਭਾਗ ਵਿਖੇ ਜਮ੍ਹਾਂ ਕਰਵਾ ਸਕਦੇ ਨੇ।  ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ

ਦਿੱਤੇ ਸਮੇਂ ਤੱਕ ਆਪਣੇ ਪਾਸਪੋਰਟ ਜਮ੍ਹਾਂ ਕਰਵਾਉਣ, ਤਾਂ ਜੋ ਵੀਜ਼ਾ ਪਰਕਿਰਿਆ ਲਈ ਕਾਰਵਾਈ ਸਮੇਂ ਸਿਰ ਕੀਤੀ ਜਾ ਸਕੇ।

---------------------------------------------------------------

ਕ੍ਰਿਕਟ ਵਿਚ ਭਾਰਤ ਨੇ ਤਿੰਨ ਮੈਚਾਂ ਦੀ ਇਕ ਰੋਜ਼ਾ ਲੜੀ ਦੇ ਦੂਜੇ ਮੈਚ ਵਿਚ ਦੱਖਣੀ ਅਫਰੀਕਾ ਸਾਹਮਣੇ 359 ਦੌੜਾਂ ਦਾ ਟੀਚਾ ਰੱਖਿਆ ਏ। ਮੇਜ਼ਬਾਨ ਟੀਮ ਨੇ ਨਿਰਧਾਰਤ 50 ਓਵਰਾਂ ਵਿੱਚ ਪੰਜ ਵਿਕਟਾਂ 'ਤੇ 358 ਦੌੜਾਂ ਬਣਾਈਆਂ। ਰੁਤੁਰਾਜ ਗਾਇਕਵਾੜ ਨੇ 83 ਗੇਂਦਾਂ ਵਿੱਚ 105 ਦੌੜਾਂ ਬਣਾਈਆਂ ਜਦੋਂ ਕਿ ਵਿਰਾਟ ਕੋਹਲੀ ਨੇ 93 ਗੇਂਦਾਂ ਵਿੱਚ 102 ਦੌੜਾਂ ਬਣਾਈਆਂ। ਇਹ ਕੋਹਲੀ ਦਾ 53ਵਾਂ ਇਕ ਰੋਜ਼ਾ ਸੈਂਕੜਾ ਸੀ, ਜੋ ਕਿ ਇਸ ਫਾਰਮੈਟ ਵਿੱਚ ਇੱਕ ਰਿਕਾਰਡ ਏ। ਐਤਵਾਰ ਨੂੰ ਪਹਿਲੇ ਇਕ ਰੋਜ਼ਾ ਵਿੱਚ ਅਫ਼੍ਰੀਕੀ ਟੀਮ ਨੂੰ 17 ਦੌੜਾਂ ਨਾਲ ਹਰਾਉਣ ਤੋਂ ਬਾਅਦ ਭਾਰਤ ਇਸ ਸਮੇਂ ਲੜੀ ਵਿੱਚ 1-0 ਨਾਲ ਅੱਗੇ ਏ।

---------------------------------------------------------------

- ਰਾਸ਼ਟਰਪਤੀ ਨੇ ਕਿਹਾ ਏ ਕਿ ਦਿਵਿਆਂਗ ਜਨਾਂ ਨਾਲ ਤਰਸ ਨਹੀਂ, ਸਗੋਂ ਸਤਿਕਾਰ ਤੇ ਮਾਣ ਨਾਲ ਪੇਸ਼ ਆਉਣਾ ਚਾਹੀਦਾ ਏ- ਦਿਵਿਆਂਗ ਜਨਾਂ ਦੇ ਸ਼ਕਤੀਕਰਨ ਲਈ ਰਾਸ਼ਟਰੀ ਸਮਾਰੋਹ ਨੂੰ ਕੀਤਾ ਸੰਬੋਧਨ |

- ਸੂਬੇ ਦੇ ਵਿੱਤ ਵਿਭਾਗ ਵੱਲੋਂ 'ਪੰਜਾਬ ਚ ਰੁੱਖਾਂ ਦੀ ਸੁਰੱਖਿਆ ਕਾਨੂੰਨ, 2025 ਲਈ ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਦੇ ਪ੍ਰਸਤਾਵ ਨੂੰ ਮਨਜ਼ੂਰੀ |

- DRDO ਵਲੋਂ ਹਾਈ-ਸਪੀਡ ਲੜਾਕੂ ਜਹਾਜ਼ ਤੋਂ ਐਮਰਜੈਂਸੀ ਵਿਚ ਪਾਇਲਟ ਦੀ ਜਾਨ ਬਚਾਉਣ ਵਾਲੀ ਨਿਕਾਸੀ ਪ੍ਰਣਾਲੀ ਦਾ ਸਫਲ ਪ੍ਰੀਖਣ |

- ਜਲੰਧਰ, ਸ੍ਰੀ ਮੁਕਤਸਰ ਸਾਹਿਬ, ਫਿਰੋਜਪੁਰ ਤੇ ਫਰੀਦਕੋਟ ਦੇ ਜ਼ਿਲ੍ਹਾ ਖਜ਼ਾਨਾ ਦਫਤਰਾਂ ਤੇ ਉਪ ਖਜ਼ਾਨਾ ਦਫਤਰਾਂ ਵਿਖੇ ਪੈਨਸ਼ਨਰ ਸੇਵਾ ਕੈਂਪ ਕੱਲ ਤੋਂ |

- ਕ੍ਰਿਕਟ ਵਿਚ ਭਾਰਤ ਨੇ ਦੂਜੇ ਇੱਕ ਦਿਨਾਂ ਮੈਚ ਵਿਚ ਦੱਖਣੀ ਅਫਰੀਕਾ ਸਾਹਮਣੇ 359 ਦੌੜਾਂ ਦਾ ਟੀਚਾ ਰੱਖਿਆ । ਵਿਰਾਟ ਕੋਹਲੀ ਨੇ 53ਵਾਂ ਸੈਂਕੜਾ ਬਣਾਇਆ |

---

**ਇਸਦੇ ਨਾਲ ਖਬਰਾਂ ਦਾ ਇਹ ਬੁਲੇਟਿਨ ਖਤਮ ਹੋਇਆ,**

**ਖਬਰਾਂ ਦਾ ਅਗਲਾ ਬੁਲੇਟਿਨ ਤੁਸੀਂ ਸੁਣੋਗੇ 7 ਵਜਕੇ 30 ਮਿੰਟ 'ਤੇ ਨਮਸਕਾਰ !**